# ਚੇਤਾਵਨੀ

## ਕੈਨੇਡਾ ਵਿੱਚ ਕੈਲਸ਼ੀਅਮ ਵਾਲੇ ਨੀਮ ਐਕਟਿਵ ਟੂਥਪੇਸਟ ਵਿੱਚ ਡਾਈ-ਈਥਾਈਲ ਗਲਾਈਕੋਲ ਪਾਇਆ ਗਿਆ ਹੈ

26 **ਜੁਲਾਈ**, 2007

**ਤੁਰੰਤ ਜਾਰੀ ਕੀਤੇ ਜਾਣ ਵਾਸਤੇ**

**ਓਟਾਵਾ** - ਹੈਲਥ ਕੈਨੇਡਾ (Health Canada), ਕੈਨੇਡਾ ਵਾਸੀਆਂ ਨੂੰ ਭਾਰਤ ਵਿੱਚ ਕਲਕੱਤਾ ਕੈਮੀਕਲ ਕੰਪਨੀ ਲਿਮਿਟਡ ਦੁਆਰਾ ਨਿਰਮਤ ਕੈਲਸ਼ੀਅਮ ਵਾਲੇ ਨੀਮ ਐਕਟਿਵ ਟੂਥਪੇਸਟ, ਜੋ ਅੱਜਕੱਲ ਕੈਨੇਡਾ ਦੇ ਬਾਜ਼ਾਰਾਂ ਵਿੱਚ ਪਾਇਆ ਗਿਆ ਹੈ, ਨੂੰ ਨਾ ਵਰਤਣ ਦੀ ਚੇਤਾਵਨੀ ਦੇ ਰਹੀ ਹੈ, ਕਿਉਂਕਿ ਇਸ ਵਿੱਚ ਡਾਈ-ਈਥਾਈਲ ਗਲਾਈਕੋਲ (DEG) ਦੇ ਸਵੀਕਾਰ ਨਾ ਕਰਨ ਯੋਗ ਪੱਧਰ ਪਾਏ ਗਏ ਹਨ।

DEG ਇੱਕ ਜ਼ਹਿਰੀਲਾ ਰਸਾਇਣ ਹੈ ਜੋ ਪਦਾਰਥਾਂ ਨੂੰ ਜੰਮ ਜਾਣ ਤੋਂ ਰੋਕਣ ਲਈ ਅਤੇ ਇੱਕ ਘੋਲ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਇਸ ਨਾਲ ਜੀਅ ਕੱਚਾ ਹੋਣਾ, ਪੇਟ ਦਰਦ, ਚੱਕਰ ਆਉਣੇ, ਪਿਸ਼ਾਬ ਵਿੱਚ ਸਮੱਸਿਆਵਾਂ, ਗੁਰਦੇ ਦਾ ਫੇਲ੍ਹ ਹੋਣਾ, ਸਾਹ ਲੈਣ ਵਿੱਚ ਸਮੱਸਿਆਵਾਂ, ਸੁਸਤੀ, ਕੜਵੱਲ ਪੈਣੇ, ਕੋਮਾ ਆਦਿ ਲੱਛਣ ਹੋ ਸਕਦੇ ਹਨ ਅਤੇ ਏਥੋਂ ਤੱਕ ਕਿ ਅੰਤੜੀਆਂ ਵਿੱਚ ਚਲੇ ਜਾਣ 'ਤੇ ਮੌਤ ਵੀ ਹੋ ਸਕਦੀ ਹੈ। ਹਾਲਾਂਕਿ ਟੂਥਪੇਸਟ ਨਿਗਲੇ ਜਾਣ ਵਾਸਤੇ ਨਹੀਂ ਬਣਾਇਆ ਗਿਆ ਪਰ ਅਕਸਰ ਛੋਟੇ ਬੱਚੇ ਇਸਨੂੰ ਨਿਗਲ ਲੈਂਦੇ ਹਨ। ਲੰਮੇ ਸਮੇਂ ਲਈ DEG ਦੇ ਸੰਪਰਕ ਵਿੱਚ ਰਹਿਣ ਨਾਲ ਹੋਣ ਵਾਲੇ ਸੰਭਾਵਿਤ ਸਿਹਤ ਖਤਰੇ, ਵਿਸ਼ੇਸ਼ ਤੌਰ ਤੇ ਵਿੰਨਣਯੋਗ ਲੋਕਾਂ ਜਿਵੇਂ ਕਿ ਬੱਚਿਆਂ ਅਤੇ ਗੁਰਦੇ ਜਾਂ ਜਿਗਰ ਦੀ ਬਿਮਾਰੀ ਵਾਲੇ ਉਪਭੋਗਤਾਵਾਂ ਵਿੱਚ ਵਿਸ਼ੇਸ਼ ਤੌਰ 'ਤੇ ਚਿੰਤਾ ਦਾ ਵਿਸ਼ਾ ਹਨ।

ਇਹ ਚੇਤਾਵਨੀ ਹੈਲਥ ਕੈਨੇਡਾ ਦੁਆਰਾ DEG ਵਾਲੇ ਚੀਨੀ ਟੂਥਪੇਸਟਾਂ ਬਾਰੇ ਦਿੱਤੀਆਂ ਚੇਤਾਵਨੀਆਂ ਦੇ ਬਾਅਦ ਆਈ ਹੈ।

ਕੈਲਸ਼ੀਅਮ ਵਾਲਾ ਨੀਮ ਐਕਟਿਵ ਟੂਥਪੇਸਟ ਪੱਛਮੀ ਅਤੇ ਅਟਲਾਂਟਿਕ ਕੈਨੇਡਾ ਦੇ ਕਈ ਸਟੋਰਾਂ ਵਿੱਚ ਪਾਇਆ ਗਿਆ ਹੈ, ਪਰ ਹੋ ਸਕਦਾ ਹੈ ਕਿ ਇਹ ਸਾਰੇ ਦੇਸ਼ ਵਿੱਚ ਹੋਰ ਸਟੋਰਾਂ ਵਿੱਚ ਵੀ ਉਪਲਬਧ ਹੋਵੇ। ਹੈਲਥ ਕੈਨੇਡਾ ਇਹ ਯਕੀਨੀ ਬਣਾਉਣ ਲਈ ਕਦਮ ਚੁੱਕ ਰਿਹਾ ਹੈ ਕਿ ਇਹਨਾਂ ਉਤਪਾਦਾਂ ਨੂੰ ਬਾਜ਼ਾਰ ਵਿੱਚੋਂ ਹਟਾ ਲਿਆ ਜਾਵੇ।

ਕੈਨੇਡਾ ਵਿੱਚ ਕੈਲਸ਼ੀਅਮ ਵਾਲਾ ਨੀਮ ਐਕਟਿਵ ਟੂਥਪੇਸਟ ਵੇਚਣ ਨੂੰ ਮਾਨਤਾ ਪ੍ਰਾਪਤ ਨਹੀਂ ਹੈ। ਫਲੋਰਾਈਡ ਵਾਲੇ ਟੂਥਪੇਸਟ ਜਿੰਨ੍ਹਾਂ ਨੂੰ ਕੈਨੇਡਾ ਵਿੱਚ ਵੇਚਣ ਵਾਸਤੇ ਮਾਨਤਾ ਮਿਲੀ ਹੋਈ ਹੈ, ਉਹਨਾਂ 'ਤੇ ਜਾਂ ਤਾਂ ਇੱਕ ਅੱਠ-ਅੱਖਰੀ ਦਵਾ ਪਹਿਚਾਣ ਸੰਖਿਆ (DIN) ਲਿਖੀ ਹੋਵੇਗੀ ਜਾਂ ਫਿਰ ਇੱਕ ਕੁਦਰਤੀ ਉਤਪਾਦ ਸੰਖਿਆ (NPN) ਲਿਖੀ ਹੋਵੇਗੀ।

ਜਿੰਨ੍ਹਾਂ ਉਪਭੋਗਤਾਵਾਂ ਕੋਲ ਇਹ ਟੂਥਪੇਸਟ ਹੈ, ਉਹਨਾਂ ਨੂੰ ਤੁਰੰਤ ਇਸਦੀ ਵਰਤੋਂ ਬੰਦ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ ਕਿ ਇਹ ਉਤਪਾਦ ਬੱਚਿਆਂ ਦੀ ਪਹੁੰਚ ਤੋਂ ਦੂਰ ਰਹੇ। ਉਪਭੋਗਤਾਵਾਂ ਨੂੰ ਇਸ ਉਤਪਾਦ ਨੂੰ ਉਸੇ ਸਟੋਰ 'ਤੇ ਵਾਪਸ ਕਰ ਦੇਣਾ ਚਾਹੀਦਾ ਹੈ ਜਿੱਥੋਂ ਉਹਨਾਂ ਨੇ ਇਸਨੂੰ ਖਰੀਦਿਆ ਸੀ। ਅੱਜ ਦੀ ਤਾਰੀਖ ਤੱਕ, ਹੈਲਥ ਕੈਨੇਡਾ ਨੂੰ ਕੈਲਸ਼ੀਅਮ ਵਾਲੇ ਨੀਮ ਐਕਟਿਵ ਟੂਥਪੇਸਟ ਨਾਲ ਸਬੰਧਿਤ DEG ਜ਼ਹਿਰੀਲੇਪਣ ਦੀਆਂ ਕੋਈ ਵੀ ਅਣਇੱਛਤ ਪ੍ਰਤੀਕਿਰਿਆਵਾਂ ਦੀਆਂ ਰਿਪੋਰਟਾਂ ਨਹੀਂ ਮਿਲੀਆਂ। ਇਸ ਉਤਪਾਦ ਨੂੰ ਵੇਚੇ ਜਾਣ ਵਾਸਤੇ ਹੈਲਥ ਕੈਨੇਡਾ ਤੋਂ ਅਖਤਿਆਰ ਨਹੀਂ ਮਿਲਿਆ ਹੋਇਆ। ਹੈਲਥ ਕੈਨੇਡਾ ਹੋਰ ਵੀ ਅਣ-ਅਧਿਕਾਰਿਤ ਟੂਥਪੇਸਟਾਂ ਨੂੰ ਟੈਸਟ ਕਰਨ ਦੀ ਪ੍ਰਕਿਰਿਆ ਵਿੱਚੋਂ ਗੁਜ਼ਰ ਰਹੀ ਹੈ ਅਤੇ ਜਿਉਂ ਹੀ ਜਾਣਕਾਰੀ ਉਪਲਬਧ ਹੁੰਦੀ ਹੈ ਤਾਂ ਅਸੀਂ ਜਨਤਾ ਨੂੰ ਤਾਜ਼ਾ ਜਾਣਕਾਰੀ ਦੇਵਾਂਗੇ।

ਇਸ ਸਲਾਹ ਬਾਬਤ ਵਧੇਰੇ ਜਾਣਕਾਰੀ ਲੈਣ ਦੇ ਚਾਹਵਾਨ ਉਪਭੋਗਤਾ ਹੈਲਥ ਕੈਨੇਡਾ ਦੀ ਜਨਤਕ ਪੁੱਛਗਿੱਛਾਂ ਲਾਈਨ (613) 957-2991 'ਤੇ ਸੰਪਰਕ ਕਰ ਸਕਦੇ ਹਨ ਜਾਂ ਸਾਡੇ ਖਰਚਾ ਰਹਿਤ ਨੰਬਰ 1-866-225-0709 'ਤੇ ਸੰਪਰਕ ਕਰ ਸਕਦੇ ਹਨ।

ਇਸ ਸਿਹਤ ਉਤਪਾਦ ਬਾਰੇ ਸ਼ੱਕੀ ਅਣਇੱਛਤ ਪ੍ਰਤੀਕਿਰਿਆ ਦੀ ਰਿਪੋਰਟ ਕਰਨ ਲਈ, ਕਿਰਪਾ ਕਰਕੇ ਹੈਲਥ ਕੈਨੇਡਾ ਦੇ ਕੈਨੇਡੀਅਨ ਅਡਵਰਸ ਡਰੱਗ ਰਿਐਕਸ਼ਨ ਮੋਨੀਟਰਿੰਗ ਪ੍ਰੋਗਰਾਮ (CADRMP) ਨੂੰ ਹੇਠ ਲਿਖੇ ਤਰੀਕਿਆਂ ਵਿੱਚੋਂ ਕਿਸੇ ਦੁਆਰਾ ਸੰਪਰਕ ਕਰੋ :

…/2

ਟੈਲੀਫੋਨ : 1-866-234-2345
ਫੈਕਸ : 1-866-678-6789

CADRMP
Marketed Health Products Directorate
Ottawa, ON, AL 0701C
ਈ-ਮੇਲ : cadrmp@hc-sc.gc.ca

CADRMP ਅਣਇੱਛਤ ਪ੍ਰਤੀਕਿਰਿਆ ਦੀ ਰਿਪੋਰਟ ਕਰਨ ਵਾਸਤੇ ਫਾਰਮ, ਜਿਸ ਵਿੱਚ ਇੱਕ ਅਜਿਹਾ ਸੰਸਕਰਣ ਵੀ ਹੈ ਜੋ ਆਨਲਾਈਨ ਭਰਕੇ ਦਿੱਤਾ ਜਾ ਸਕਦਾ ਹੈ, ਹੈਲਥ ਕੈਨੇਡਾ ਦੀ ਵੈੱਬਸਾਈਟ (www.healthcanada.gc.ca/medeffect) ਦੇ MedEffect ਕੈਨੇਡਾ ਖੇਤਰ ਵਿੱਚ ਸਥਿਤ ਹੈ।

- 30 -

**ਮੀਡੀਆ ਪੁੱਛਗਿੱਛਾਂ :**
ਹੈਲਥ ਕੈਨੇਡਾ
(613) 957-2983

*Également disponible en français*

**ਜਨਤਕ ਪੁੱਛਗਿੱਛਾਂ:**
(613) 957-2991
1-866 225-0709